1 ਕੁਰਿੰਥੁਸ ੧੩
ਪਿਆਰ
ਹੁਣ ਮੈਂ ਤੁਹਾਨੂੰ ਸਭ ਤੋਂ ਉਤਮ ਰਾਹ ਦੱਸਦਾ ਹਾਂ : ਮਨੁੱਖਾਂ ਅਤੇ ਸਵਰਗ ਦੂਤਾਂ ਦੀਆਂ ਬੋਲੀਆਂ ਵੀ ਕਿਉਂ ਨਾ ਬੋਲਾਂ ਪਰ ਜੇਕਰ ਮੇਰੇ ਵਿਚ ਪਿਆਰ ਨਹੀਂ ਹੈ, ਤਾਂ ਮੈਂ ਇਕ ਟਣ-ਟਣ ਕਰਦੇ ਹੋਏ-ਟਲ ਜਾਂ ਛਣ-ਛਣ ਕਰਦੇ ਹੋਏ ਛੈਣੇ ਦੀ ਤਰ੍ਹਾਂ ਹਾਂ । ਬੇਸ਼ਕ ਮੇਰੇ ਕੋਲ ਅਗੰਮੀਵਾਕ ਕਰਨ ਦੀ ਦਾਤ, ਸਭ ਗੁਪਤ ਭੇਤਾਂ ਦਾ ਗਿਆਨ ਅਤੇ ਸਭ ਤਰ੍ਹਾਂ ਦੀ ਸਮਝ ਕਿਉਂ ਨਾ ਹੋਵੇ, ਇਥੋਂ ਤਕ ਕਿ ਪਹਾੜਾਂ ਨੂੰ ਹਿਲਾ ਦੇਣ ਵਾਲਾ ਵਿਸ਼ਵਾਸ ਵੀ ਕਿਉਂ ਨਾ ਹੋਵੇ, ਪਰ ਜੇਕਰ ਮੇਰੇ ਵਿਚ ਪਿਆਰ ਨਹੀਂ ਹੈ, ਤਾਂ ਮੈਂ ਕੁਝ ਵੀ ਨਹੀਂ ਹਾਂ । ਬੇਸ਼ਕ ਮੈਂ ਆਪਣਾ ਸਾਰਾ ਧੰਨ-ਮਾਲ ਪੁੰਨ ਦਾਨ ਵਿਚ ਕਿਉਂ ਨਾ ਵੰਡ ਦੇਵਾਂ, ਇਥੋਂ ਤਕ ਕਿ ਆਪਣੇ ਸਰੀਰ ਨੂੰ ਬਾਲਣ ਦੇ ਲਈ ਦੇ ਦੇਵਾਂ, ਪਰ ਜੇਕਰ ਮੇਰੇ ਵਿਚ ਪਿਆਰ ਨਹੀਂ ਹੈ, ਤਾਂ ਮੈਨੂੰ ਇਸ ਸਭ ਤੋਂ ਕੋਈ ਲਾਭ ਨਹੀਂ ਹੈ ।

ਪਿਆਰ ਸਹਿਣਸ਼ੀਲ ਅਤੇ ਦਿਆਲੂ ਹੈ । ਪਿਆਰ ਈਰਖਲੂ ਨਹੀਂ, ਹੰਕਾਰੀ ਨਹੀਂ, ਅਤੇ ਹਠੀ ਨਹੀਂ ਹੈ । ਪਿਆਰ ਬੁਰਾ ਵਰਤਾਉ ਨਹੀਂ ਕਰਦਾ, ਆਪਣਾ ਲਾਭ ਨਹੀਂ ਦੇਖਦਾ, ਚਿੜਦਾ ਨਹੀ , ਅਤੇ ਬੁਰਾਈ ਤੋਂ ਪ੍ਰਸੰਨ ਨਹੀਂ ਹੁੰਦਾ, ਸਗੋਂ ਸਚਾਈ ਤੋਂ ਪ੍ਰਸੰਨ ਹੁੰਦਾ ਹੈ । ਪਿਆਰ ਸਭ ਗੱਲਾਂ ਦਾ ਵਿਸ਼ਵਾਸ ਕਰਦਾ, ਸਭ ਗੱਲਾਂ ਤੇ ਆਸ਼ਾ ਰੱਖਦਾ ਅਤੇ ਸਭ ਗੱਲਾਂ ਝੱਲ ਲੈਂਦਾ ਹੈ ।

ਪਿਆਰ ਦਾ ਕੋਈ ਅੰਤ ਨਹੀਂ ਹੈ । ਅਗੰਮੀਵਾਕ ਹੋਣਗੇ, ਤਾਂ ਉਹਨਾਂ ਦਾ ਅੰਤ ਹੋ ਜਾਵੇਗਾ, ਵੱਖ ਵੱਖ ਬੋਲੀਆਂ ਹੋਣਗੀਆਂ, ਤਾਂ ਉਹ ਖ਼ਤਮ ਹੋ ਜਾਣਗੀਆਂ, ਗਿਆਨ ਹੋਵੇਗਾ ਤਾਂ ਉਹ ਵਿਅਰਥ ਹੋ ਜਾਵੇਗਾ, ਕਿਉਂਕਿ ਸਾਡਾ ਗਿਆਨ ਅਧੂਰਾ ਅਤੇ ਸਾਡਾ ਅਗੰਮੀਵਾਕ ਅਪੂਰਨ ਹੈ । ਪਰ ਜਦੋਂ ਪੂਰਨ ਆਵੇਗਾ, ਤਾਂ ਅਪੂਰਨਤਾ ਆਪਣੇ ਆਪ ਖ਼ਤਮ ਹੋ ਜਾਵੇਗੀ ।

ਜਦੋਂ ਮੈਂ ਬੱਚਾ ਸਾਂ, ਤਾਂ ਬੱਚੇ ਦੀ ਤਰ੍ਹਾਂ ਬੋਲਦਾ, ਸੋਚਦਾ ਅਤੇ ਬਹਿਸ ਕਰਦਾ ਸਾਂ । ਪਰ ਹੁਣ ਜਦੋਂ ਕਿ ਮੈਂ ਪੂਰਨ ਮਨੁੱਖ ਬਣ ਗਿਆ ਹਾਂ, ਤਾਂ ਮੈਂ ਆਪਣੀਆਂ ਬੱਚਿਆਂ ਵਾਲਿਆਂ ਸਭ ਆਦਤਾਂ ਛੱਡ ਦਿੱਤੀਆਂ ਹਨ । ਇਸ ਵੇਲੇ ਅਸੀਂ ਸ਼ੀਸ਼ੇ ਵਿਚ ਅਸਪਸ਼ਟ ਪ੍ਰਤੀਬਿੰਬ ਦੇਖ ਰਹੇ ਹਾਂ, ਪਰ ਉਸ ਵੇਲੇ ਅਸੀਂ ਸਪਸ਼ਟ ਦੇਖਾਂਗੇ । ਇਸ ਸਮੇਂ ਮੇਰਾ ਗਿਆਨ ਅਪੂਰਨ ਹੈ, ਪਰ ਉਸ ਸਮੇਂ ਪੂਰਨ ਹੋਵੇਗਾ, ਜਿਸ ਤਰ੍ਹਾਂ ਕਿ ਪਰਮੇਸ਼ਰ ਮੇਰਾ ਪੂਰਨ ਗਿਆਨ ਰੱਖਦਾ ਹੈ ।

ਇਸ ਸਭ ਦਾ ਨਿਚੋੜ ਇਹ ਹੈ : ਵਿਸ਼ਵਾਸ, ਆਸ਼ਾ ਅਤੇ ਪਿਆਰ ਇਹ ਤਿੰਨੇ ਅਨੰਤ ਹਨ, ਪਰ ਸਭ ਤੋਂ ਉਤਮ ਪਿਆਰ ਹੈ ।